# ਘਰੇਲੂ ਕਤਲ
# ਮੁੜ–ਵਿਚਾਰ ਬਾਰੇ ਜਾਣਕਾਰੀ
# ਦੋਸਤਾਂ ਲਈ ਪਰਚਾ

Home Office

## ਘਰੇਲੂ ਕਤਲਾਂ ਬਾਰੇ ਮੁੜ–ਵਿਚਾਰ ਕੀ ਹਨ?

ਘਰੇਲੂ ਕਤਲਾਂ ਬਾਰੇ ਮੁੜ–ਵਿਚਾਰਾਂ (Domestic Homicide Reviews) ਘਰੇਲੂ ਹਿੰਸਾ ਜਾਂ ਕੁੱਟ ਮਾਰ ਦੇ ਮਸਲੇ ਨਾਲ ਵੱਧ ਚੰਗੇ ਢੰਗ ਨਾਲ ਨਿਪਟਣ ਦਾ ਇਕ ਢੰਗ ਹੈ, ਅਤੇ ਇਹਦਾ ਮੰਤਵ ਇਹ ਹੈ ਕਿ ਜੋ ਤੁਹਾਡੇ ਦੋਸਤ ਨਾਲ ਹੋਇਆ ਉਹ ਹੋਰਨਾਂ ਨਾਲ ਨਾ ਹੋਣ ਦਿੱਤਾ ਜਾਏ। ਇਹਨਾਂ ਰਾਹੀਂ ਇਹ ਯਕੀਨੀ ਬਣਾਉਣ ਦਾ ਯਤਨ ਕੀਤਾ ਜਾਏਗਾ ਕਿ ਸੋਸ਼ਲ ਸਰਵਿਸਿਜ਼, ਕਾਉਂਸਿਲਾਂ, ਪੁਲਿਸ ਵਰਗੀਆਂ ਸਰਕਾਰੀ ਸੰਸਥਾਵਾਂ ਅਤੇ ਭਾਈਚਾਰੇ ਵਿਚ ਕੰਮ ਕਰਨ ਵਾਲੀਆਂ ਹੋਰ ਸੰਸਥਾਵਾਂ ਇਹ ਸਮਝ ਜਾਣ ਕਿ ਕੀ ਕੁਝ ਵਾਪਰਿਆ ਸੀ ਜਿਹਦੇ ਕਾਰਣ ਤੁਹਾਡੇ ਦੋਸਤ ਦੀ ਮੌਤ ਹੋਈ, ਅਤੇ ਇਹ ਪਤਾ ਲਾਉਣਾ ਵੀ ਹੈ ਕਿ ਅਜਿਹੀ ਹਾਲਤ ਨਾਲ ਨਿਪਟਣ ਦੇ ਢੰਗਾਂ ਨੂੰ ਕਿੱਥੇ ਵੱਧ ਚੰਗਾ ਬਣਾਇਆ ਜਾ ਸਕਦਾ ਹੈ। ਆਸ ਹੈ ਕਿ ਇਸ ਤਰ੍ਹਾਂ ਸਰਕਾਰੀ ਸਸੰਥਾਵਾਂ ਸਭ ਸਹੀ ਸਬਕ ਸਿੱਖ ਲੈਣਗੀਆਂ, ਜਿਹਨਾਂ ਵਿਚ ਇਹ ਗੱਲ ਵੀ ਸ਼ਾਮਿਲ ਹੈ ਕਿ ਉਹ ਇਕ ਦੂਸਰੇ ਨਾਲ ਮਿਲਕੇ ਕਿਵੇਂ ਕੰਮ ਕਰ ਸਕਦੀਆਂ ਹਨ। ਇਹਨਾਂ ਮੁੜ–ਵਿਚਾਰਾਂ ਰਾਹੀਂ ਕਿਸੇ ਦੇ ਸਿਰ ਦੋਸ਼ ਨਹੀਂ ਮੜ੍ਹਿਆ ਜਾਏਗਾ, ਸਗੋਂ ਇਹ ਵਿਚਾਰ ਕੀਤਾ ਜਾਏਗਾ ਕਿ ਕੀ ਹੋਇਆ ਅਤੇ ਕੀ ਕੁਝ ਵੱਖਰੇ ਢੰਗ ਨਾਲ ਕੀਤਾ ਜਾ ਸਕਦਾ ਸੀ। ਇਹਨ੍ਹਾਂ ਵਿਚ ਇਹ ਸਿਫ਼ਾਰਿਸ਼ਾਂ ਵੀ ਕੀਤੀਆਂ ਜਾਣਗੀਆਂ ਕਿ ਭਵਿੱਖ ਵਿਚ ਘਰੇਲੂ ਹਿੰਸਾ ਦੀਆਂ ਘਟਨਾਵਾਂ ਵੱਲ ਵੱਧ ਚੰਗੇ ਢੰਗਾਂ ਨਾਲ ਕਿਵੇਂ ਨਿਪਟਿਆ ਜਾ ਸਕਦਾ ਹੈ।

ਘਰੇਲੂ ਕਤਲਾਂ ਬਾਰੇ ਮੁੜ–ਵਿਚਾਰ ਡੋਮੈਸਟਿਕ ਵਾਇਓਲੈਂਸ, ਕ੍ਰਾਈਮ ਐਂਡ ਵਿਕਟਿਮਜ਼ ਐਕਟ 2004 ਦਾ ਹਿੱਸਾ ਹਨ ਅਤੇ ਇਹ 13 ਅਪ੍ਰੈਲ 2011 ਨੂੰ ਕਾਨੂੰਨ ਬਣ ਗਏ ਹਨ। ਇਹ ਕਾਨੂੰਨੀ ਜਾਂਚ ਪੜਤਾਲ (inquest) ਜਾਂ ਕਿਸੇ ਹੋਰ ਕਿਸਮ ਦੀ ਪੁੱਛ ਗਿੱਛ ਦੀ ਥਾਂ ਨਹੀਂ ਲੈਣਗੇ ਸਗੋਂ ਇਹਨਾਂ ਦੇ ਨਾਲ ਨਾਲ ਚੱਲਣਗੇ।

## ਇਹ ਮੁੜ–ਵਿਚਾਰ ਕੌਣ ਕਰੇਗਾ?

ਮੁੜ–ਵਿਚਾਰ ਟੀਮ ਵਿਚ ਸਥਾਨਕ ਕਾਨੂੰਨੀ ਅਤੇ ਵਾਲੰਟਰੀ ਸੰਸਥਾਵਾਂ ਦੇ ਮੈਂਬਰ ਹੋਣਗੇ, ਪਰ ਕੋਈ ਅਜਿਹੇ ਅਫ਼ਸਰ ਸ਼ਾਮਿਲ ਨਹੀਂ ਹੋਣਗੇ ਜਿਹੜੇ ਸਿੱਧੇ ਢੰਗ ਨਾਲ ਇਸ ਕੇਸ ਨੂੰ ਸੰਭਾਲ ਰਹੇ ਹਨ। ਮੁੜ–ਵਿਚਾਰ ਟੀਮ ਇਹ ਵਿਚਾਰ ਕਰੇਗੀ ਕਿ ਘਰੇਲੂ ਹਿੰਸਾ ਬਾਰੇ ਸਮੁੱਚੀ ਕਮਿਊਨਿਟੀ ਦੀ ਪ੍ਰਤੀਕ੍ਰਿਆ ਨੂੰ ਵੱਧ ਚੰਗੀ ਬਣਾ ਕੇ ਪੀੜਿਤ ਲੋਕਾਂ ਦੀ ਵੱਧ ਚੰਗੀ ਤਰ੍ਹਾਂ ਮਦਦ ਕਿਵੇਂ ਕੀਤੀ ਜਾ ਸਕਦੀ ਹੈ।

## ਇਸ ਮੁੜ–ਵਿਚਾਰ ਵਿਚ ਤੁਹਾਡਾ ਸ਼ਾਮਿਲ ਹੋਣਾ

ਅਸੀਂ ਸਮਝਦੇ ਹਾਂ ਕਿ ਦੋਸਤ, ਪਰਿਵਾਰ ਦੇ ਲੋਕ ਅਤੇ ਹੋਰ ਅਜਿਹੇ ਲੋਕ ਜਿਹੜੇ ਲੋਕ ਜੁਰਮ ਦੇ ਸ਼ਿਕਾਰ ਹੋਣ ਵਾਲੇ ਨੂੰ ਅਤੇ ਜੁਰਮ ਕਰਨ ਵਾਲੇ ਨੂੰ ਜਾਣਦੇ ਸਨ, ਉਹ ਇਸ ਘਟਨਾ ਨੂੰ ਸਮਝਣ ਵਿਚ ਅਫ਼ਸਰਾਂ ਦੀ ਸੱਭ ਤੋਂ ਵੱਧ ਮਦਦ ਕਰ ਸਕਦੇ ਹਨ। ਜੁਰਮ ਦਾ ਸ਼ਿਕਾਰ ਹੋਣ ਵਾਲੇ ਅਕਸਰ ਖ਼ੁਦ ਨਾਲ ਹੋਣ ਵਾਲੀ ਬਦਸਲੂਕੀ ਬਾਰੇ ਆਪਣੇ ਦੋਸਤਾਂ ਨੂੰ ਦੱਸਦੇ ਹਨ, ਅਤੇ ਕਈ ਵਾਰ ਮਦਦ ਲੈਣ ਲਈ ਆਪਣੇ ਤਜਰਬਿਆਂ ਬਾਰੇ ਵੀ ਦੱਸਦੇ ਹਨ। ਇਹਦਾ ਅਰਥ ਹੈ ਕਿ ਦੋਸਤ ਇਹ ਸਮਝਣ ਵਿਚ ਸਰਕਾਰੀ ਸੰਸਥਾਵਾਂ ਦੀ ਮਦਦ ਕਰ ਸਕਦੇ ਹਨ ਕਿ ਇਸ ਦੁਖਾਂਤ ਤੋਂ ਕੀ ਸਬਕ ਸਿੱਖੇ ਜਾ ਸਕਦੇ ਹਨ; ਇਸ ਕਰਕੇ ਤੁਹਾਡੀ ਆਵਾਜ਼ ਸੁਣੀ ਜਾਣੀ ਚਾਹੀਦੀ ਹੈ।

## ਮੁੜ–ਵਿਚਾਰ ਵਿਚ ਹਿੱਸਾ ਲੈਣਾ

ਜੇ ਤੁਸੀ ਇਸ ਮੁੜ–ਵਿਚਾਰ ਵਿਚ ਹਿੱਸਾ ਲੈਣ ਲਈ ਮੰਨ ਜਾਓ, ਤਾਂ ਮੁੜ–ਵਿਚਾਰ ਟੀਮ ਤੁਹਾਨੂੰ ਆਖੇਗੀ ਕਿ ਤੁਸੀਂ ਉਹਨਾਂ ਨਾਲ ਆਪਣੇ ਵਿਚਾਰ ਸਾਂਝੇ ਕਰੋ ਕਿ ਕੀ ਕੁਝ ਵਾਪਰਿਆ ਅਤੇ ਕਿਉਂ। ਇਸ ਜਾਣਕਾਰੀ ਵਿਚ ਇਸ ਦੁਖਾਂਤ ਦੇ ਕਿਸੇ ਵੀ ਪਹਿਲੂ ਬਾਰੇ ਤੁਹਾਡੇ ਵਿਚਾਰ, ਯਾਦਾਂ, ਨਜ਼ਰੀਆ ਸ਼ਾਮਿਲ ਹੋ ਸਕਦੇ ਹਨ। ਮੁੜ–ਵਿਚਾਰ ਟੀਮ ਇਹ ਯਕੀਨੀ ਬਣਾਉਣ ਦਾ ਯਤਨ ਕਰ ਰਹੀ ਹੈ ਕਿ ਤੁਹਾਡੇ ਦੋਸਤ ਦੀ ਮੌਤ ਨਾਲ ਸੰਬੰਧਤ ਹਾਲਾਤ ਨੂੰ ਜਿੱਥੋਂ ਤਕ ਹੋ ਸਕੇ ਵੱਧ ਤੋਂ ਵੱਧ ਸਮਝਿਆ ਜਾ ਸਕੇ ਅਤੇ ਇਸ ਤਰ੍ਹਾਂ ਸਿੱਖੇ ਸਬਕ ਦੀ ਵਰਤੋਂ ਭਵਿੱਖ ਵਿਚ ਮੌਤਾਂ ਰੋਕਣ ਲਈ ਕੀਤੀ ਜਾ ਸਕੇ। ਇਹਦੇ ਸੰਬੰਧ ਵਿਚ, ਹੋ ਸਕਦਾ ਹੈ ਕਿ ਤੁਹਾਨੂੰ ਪਤਾ ਹੋਵੇ ਕਿ ਤੁਹਾਡੇ ਦੋਸਤ ਨੇ ਸਰਕਾਰੀ ਸਸੰਥਾਵਾਂ, ਕਨਿਊਨਿਟੀ ਸਸੰਥਾਵਾਂ ਅਤੇ ਹੋਰਨਾਂ ਤੋਂ ਮਦਦ ਲੈਣ ਦੀਆਂ ਕੀ ਕੋਸ਼ਿਸ਼ਾਂ ਕੀਤੀਆਂ, ਕਿਉਂਕਿ ਕਈ ਵਾਰ ਇਹਨਾਂ ਸਭ ਸਪੰਰਕਾਂ ਬਾਰੇ ਮੁੜ–ਵਿਚਾਰ ਟੀਮ ਨੂੰ ਪਤਾ ਨਹੀਂ ਹੁੰਦਾ। ਤੁਸੀਂ ਉਹਨਾਂ ਲੋਕਾਂ ਬਾਰੇ ਸਿਫ਼ਾਰਿਸ਼ ਵੀ ਕਰ ਸਕਦੇ ਹੋ ਜਿਹਨ੍ਹਾਂ ਬਾਰੇ ਤੁਸੀਂ ਇਹ ਸਮਝਦੇ ਹੋ ਕਿ ਉਹਨ੍ਹਾਂ ਨੂੰ ਵਿਚਾਰ ਪੇਸ਼ ਕਰਨ ਲਈ ਬੁਲਾਇਆ ਜਾ ਸਕਦਾ ਹੈ।

ਤੁਸੀਂ ਆਪਣੇ ਵਿਚਾਰ ਹੇਠ ਲਿਖੇ ਵੱਖ ਵੱਖ ਢੰਗਾਂ ਵਿਚੋਂ ਕਿਸੇ ਵੀ ਢੰਗ ਨਾਲ ਜਾਂ ਸਭ ਢੰਗਾਂ ਨਾਲ ਪੇਸ਼ ਕਰ ਸਕਦੇ ਹੋ:

- ਲਿਖ ਕੇ ਜਾਂ ਰਿਕਾਰਡ ਕਰ ਕੇ
- ਟੈਲੀਫ਼ੋਨ ਤੇ ਗੱਲ ਕਰ ਕੇ
- ਮੁੜ–ਵਿਚਾਰ ਕਰਨ ਵਾਲਿਆਂ ਵਿਚੋਂ ਕਿਸੇ ਨਾਲ ਆਹਮੋ ਸਾਹਮਣੇ ਮੁਲਾਕਾਤ ਕਰਕੇ। ਇਹ ਮੁਲਾਕਾਤ ਕਿਸੇ ਅਦਾਲਤ ਵਿਚ ਨਹੀਂ ਹੋਏਗੀ ਅਤੇ ਤੁਹਾਨੂੰ ਆਪਣੇ ਵਿਚਾਰ ਕਸਮ ਖਾ ਕੇ ਪੇਸ਼ ਕਰਨ ਲਈ ਨਹੀਂ ਆਖਿਆ ਜਾਏਗਾ। ਮੁੜ–ਵਿਚਾਰ ਕਰਨ ਵਾਲਾ ਵਿਚਾਰ ਵਟਾਂਦਰੇ ਵਿਚ ਮਦਦ ਲੈਣ ਲਈ ਤੁਹਾਨੂੰ ਸਵਾਲ ਪੁੱਛੇਗਾ ਅਤੇ ਸਾਰੇ ਕੰਮ ਵਿਚ ਕੁਝ ਘੰਟਿਆਂ ਤੋਂ ਵੱਧ ਸਮਾਂ ਨਹੀਂ ਲੱਗੇਗਾ ਜਾ ਉਨਾਂ ਸਮਾਂ ਲੱਗੇਗਾ ਜਿੰਨੇ ਸਮੇਂ ਲਈ ਤੁਸੀਂ ਹਿੱਸਾ ਲੈਣਾ ਚਾਹੋ।

## ਜਿਹੜੀ ਜਾਣਕਾਰੀ ਤੁਸੀਂ ਸਾਂਝੀ ਕਰੋਗੇ ਉਹਦਾ ਕੀ ਬਣੇਗਾ?

ਜਿਹੜੀ ਜਾਣਕਾਰੀ ਤੁਸੀਂ ਸਾਂਝੀ ਕਰੋਗੇ ਉਹਦੇ ਨਾਲ ਮੁੜ-ਵਿਚਾਰ ਟੀਮ ਨੂੰ ਇਸ ਗੱਲ ਦੀ ਮੁਕੰਮਲ ਤਸਵੀਰ ਬਣਾਉਣ ਵਿਚ ਮਦਦ ਮਿਲੇਗੀ ਕਿ ਕਤਲ ਤੋਂ ਪਹਿਲਾਂ ਕੀ ਹੋਇਆ, ਅਤੇ ਇਸ ਤਰ੍ਹਾਂ ਟੀਮ ਨੂੰ ਤਬਦੀਲੀ ਲਿਆਉਣ ਲਈ ਸਿਫ਼ਾਰਿਸ਼ਾਂ ਤਿਆਰ ਕਰਨ ਵਿਚ ਮਦਦ ਮਿਲੇਗੀ। ਫਿਰ ਇਹਨ੍ਹਾਂ ਸਿਫ਼ਾਰਿਸ਼ਾਂ ਨੂੰ ਕੰਮ ਕਾਜ ਦੀ ਯੋਜਨਾ ਵਿਚ ਸ਼ਾਮਿਲ ਕੀਤਾ ਜਾਏਗਾ। ਤੁਹਾਡੇ ਵੱਲੋ ਪੇਸ਼ ਕੀਤੀ ਗਈ ਜਾਣਕਾਰੀ ਗੁਪਤ ਰੱਖੀ ਜਾਏਗੀ ਅਤੇ ਮੁੜ-ਵਿਚਾਰ ਦੀ ਰਿਪੋਰਟ ਵਿਚ ਤੁਹਾਡਾ ਨਾਂ ਨਹੀਂ ਦੱਸਿਆ ਜਾਏਗਾ।

ਤੁਹਾਡਾ ਯੋਗਦਾਨ ਵਡਮੁਲਾ ਹੋਏਗਾ ਅਤੇ ਹੋ ਸਕਦਾ ਹੈ ਕਿ ਇਹਦੇ ਨਾਲ ਉਸ ਢੰਗ ਨੂੰ ਬਦਲਣ ਵਿਚ ਮਦਦ ਮਿਲੇ ਜਿਸ ਢੰਗ ਨਾਲ ਕਮਿਉਨਿਟੀ ਅਤੇ ਸਰਕਾਰੀ ਸਸੰਥਾਵਾਂ ਘਰੇਲੂ ਹਿੰਸਾ ਦੇ ਸ਼ਿਕਾਰ ਹੋਣ ਵਾਲੇ ਲੋਕਾਂ ਦੇ ਮਸਲੇ ਨੂੰ ਨਿਪਟਾਉਂਦੀਆਂ ਹਨ।

## ਮੁੜ-ਵਿਚਾਰ ਦੇ ਕੰਮ ਨੂੰ ਕਿੰਨਾ ਸਮਾ ਲੱਗੇਗਾ?

ਘਰੇਲੂ ਹਿੰਸਾ ਬਾਰੇ ਮੁੜ-ਵਿਚਾਰ ਦਾ ਕੰਮ ਪੂਰਾ ਕਰਨ ਲਈ ਕੋਈ ਮਿੱਥਿਆ ਸਮਾਂ ਨਹੀਂ। ਪਰ ਉਮੀਦ ਹੈ ਕਿ ਇਹ ਮੌਤ ਤੋਂ ਲੱਗਭਗ ਇਕ ਮਹੀਨਾ ਮਗਰੋਂ ਸ਼ੁਰੂ ਕੀਤਾ ਜਾਏਗਾ। ਮੁੜ-ਵਿਚਾਰ ਦਾ ਕੰਮ ਲੱਗਭਗ ਛੇ ਮਹੀਨਿਆਂ ਦੇ ਅੰਦਰ ਪੂਰਾ ਹੋ ਜਾਣਾ ਚਾਹੀਦਾ ਹੈ, ਪਰ ਇਹਨੂੰ ਵੱਧ ਸਮਾਂ ਵੀ ਲਗ ਸਕਦਾ ਹੈ ਜੋ ਇਸ ਗੱਲ ਤੇ ਨਿਰਭਰ ਹੋਏਗਾ ਕਿ ਹੋਰ ਜਾਂਚ ਪੜਤਾਲਾਂ, ਜਿਵੇਂ ਕਿ ਮੁਜਰਿਮ ਦੇ ਖ਼ਿਲਾਫ਼ ਹੋ ਰਹੀ ਕਾਨੂੰਨੀ ਕਾਰਵਾਈ, ਦੇ ਨਤੀਜੇ ਕੀ ਆਉਂਦੇ ਹਨ।

## ਮੁੜ-ਵਿਚਾਰ ਰਾਹੀਂ ਕੀ ਤਿਆਰ ਕੀਤਾ ਜਾਂਦਾ ਹੈ?

- ਵਿਸਤ੍ਰਿਤ ਰਿਪੋਰਟ ਅਤੇ ਇਹਦੇ ਸੰਖੇਪ ਆਮ ਲੋਕਾਂ ਦੇ ਦੇਖਣ ਲਈ ਵੈਬੱਸਾਈਟ ਤੇ ਲਾਇਆ ਜਾਏਗਾ।
- ਜੇ ਰਿਪੋਰਟ ਵਿਚ ਕੋਈ ਸਿਫ਼ਾਰਿਸ਼ਾਂ ਪੇਸ਼ ਕੀਤੀਆਂ ਜਾਣ ਤਾਂ ਉਹਨਾਂ ਦਾ ਲਾਗੂ ਕਰਨਾ ਯਕੀਨੀ ਬਣਾਉਣ ਲਈ ਕੋਈ ਕਾਰਜ ਯੋਜਨਾ ਤਿਆਰ ਕੀਤੀ ਜਾਏਗੀ।

## ਅਗਲੇ ਕਦਮ

ਮੁੜ-ਵਿਚਾਰ ਵਿਚ ਹਿੱਸਾ ਲੈਣ ਦਾ ਫ਼ੈਸਲਾ ਪੂਰੀ ਤਰ੍ਹਾਂ ਤੁਹਾਡਾ ਆਪਣਾ ਹੈ ਅਤੇ ਜੇ ਤੁਸੀਂ ਹਿੱਸਾ ਨਹੀਂ ਲੈਣਾ ਚਾਹੁੰਦੇ ਤਾਂ ਤੁਹਾਡੇ ਫ਼ੈਸਲੇ ਦਾ ਸਨਮਾਨ ਕੀਤਾ ਜਾਏਗਾ। ਮੁੜ-ਵਿਚਾਰ ਦਾ ਕੰਮ ਪੂਰਾ ਹੋਣ ਮਗਰੋਂ ਹੋ ਸਕਦਾ ਹੈ ਕਿ ਅਸੀਂ ਤੁਹਾਡੇ ਨਾਲ ਦੁਬਾਰਾ ਸੰਪਰਕ ਕਰ ਕੇ ਤੁਹਾਨੂੰ ਦੱਸੀਏ।

ਜੇ ਤੁਸੀਂ ਹਿੱਸਾ ਲੈਣਾ ਚਾਹੁੰਦੇ ਹੋ, ਅਤੇ ਮੁੜ-ਵਿਚਾਰ ਦੇ ਕੰਮ ਬਾਰੇ ਤੁਸੀਂ ਕੋਈ ਹੋਰ ਸਵਾਲ ਪੁੱਛਣੇ ਹਨ, ਤਾਂ ਕਿਰਪਾ ਕਰਕੇ ਉਸ ਵਿਅਕਤੀ ਨਾਲ ਸੰਪਰਕ ਕਰੋ ਜਿਹਨੇ ਇਸ ਪਰਚੇ ਦੇ ਨਾਲ ਲਾਏ ਖ਼ਤ ਤੇ ਦਸਤਖ਼ਤ ਕੀਤੇ ਹਨ। ਉਹ ਜਾਂ ਤੁਹਾਡੇ ਸਵਾਲਾਂ ਦੇ ਜਵਾਬ ਦੇਵੇਗਾ/ਦੇਵੇਗੀ, ਜਾਂ ਤੁਹਾਡਾ ਸੰਪਰਕ ਕਿਸੇ ਨਾਲ ਕਰਵਾਏਗਾ/ਕਰਵਾਏਗੀ ਜੋ ਤੁਹਾਡੇ ਸਵਾਲਾਂ ਦਾ ਜਵਾਬ ਦੇ ਸਕੇ।

## ਵਧੇਰੇ ਜਾਣਕਾਰੀ ਅਤੇ ਮਦਦ

ਨੈਸ਼ਨਲ ਡੋਮੈਸਟਿਕ ਵਾਇਓਲੈਂਸ ਹੈਲਪਲਾਈਨ (National Domestic Violence Helpline): 0808 2000 247
ਜਾਂ www.nationaldomesticviolencehelpline.org.uk

ਮੈਨੱਜ਼ ਐਡਵਾਈਸ ਲਾਈਨ (Men's Advice Line): 0808 801 0327 ਜਾਂ www.menadviceline.org.uk

GALOP: 0800 999 5428 ਜਾਂ galop.org.uk

ਆਫ਼ਡਾ (ਐਡਵੋਕੇਸੀ ਆਫ਼ਟਰ ਫ਼ੇਟਲ ਡੋਮੈਸਟਿਕ ਅਬਿਊਜ਼) (AAFDA (Adocacy After Fatal Domestic Abuse)): 07768 386922
ਜਾਂ www.aafda.org.uk

ਨੈਸ਼ਨਲ ਹੋਮੀਸਾਈਡ ਸਰਵੀਸ (National Homicide Service): 0845 3030 900 ਜਾਂ www.victimsupport.org.uk

**ਆਫ਼ਡਾ (ਐਡਵੋਕੇਸੀ ਆਫ਼ਟਰ ਫ਼ੇਟਲ ਡੋਮੈਸਟਿਕ ਅਬਿਊਜ਼) ਅਤੇ ਥਿਮੈਨੱਜ਼ ਏਡ (Womens Aid) ਦੇ ਪ੍ਰਤੀ ਧੰਨਵਾਦ ਸਹਿਤ ਜਿਹਨਾਂ ਨੇ ਹੋਮ ਆਫ਼ਿਸ ਦੇ ਨਾਲ ਮਿਲ ਕੇ ਇਹ ਪਰਚਾ ਤਿਆਰ ਕੀਤਾ।**